# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 16 ਜਨਵਰੀ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਲੋਹੜੀ ਧੂਮਧਾਮ ਨਾਲ ਮਨਾਈ ਗਈ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ






ਸਰੀ, 16 ਜਨਵਰੀ : ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਵੱਲੋਂ ਲੋਹੜੀ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸੈਂਟਰ ਦੇ ਹੇਠਲੇ ਹਾਲ ਵਿੱਚ ਬਜ਼ੁਰਗਾਂ ਨੇ ਇਕੱਠੇ ਹੋ ਕੇ ਲੋਹੜੀ ਦੀਆਂ ਰਿਵਾਇਤਾਂ ਨੂੰ ਜੀਵੰਤ ਕੀਤਾ, ਜਦਕਿ ਉਪਰਲੇ ਹਾਲ ਵਿੱਚ ਲੇਡੀਜ਼ ਗਰੁੱਪ ਨੇ ਸੰਗੀਤਮਈ ਪ੍ਰੋਗਰਾਮ ਰਾਹੀਂ ਸਮਾਗਮ ਨੂੰ ਹੋਰ ਰੰਗੀਨ ਬਣਾਇਆ।

ਸਮਾਗਮ ਦੌਰਾਨ ਲੋਕ-ਗੀਤਾਂ ਅਤੇ ਰਸ-ਭਰੀਆਂ ਕਵਿਤਾਵਾਂ ਨੇ ਮਾਹੌਲ ਨੂੰ ਖੁਸ਼ਗਵਾਰ ਬਣਾ ਦਿੱਤਾ। ਬਜ਼ੁਰਗ ਸਾਥੀਆਂ ਨੇ ਝੂਮਦੇ ਹੋਏ ਲੋਹੜੀ ਦੇ ਗੀਤਾਂ ਦਾ ਆਨੰਦ ਮਾਣਿਆ ਅਤੇ ਤਿਉਹਾਰ ਦੀ ਖੁਸ਼ੀ ਸਾਂਝੀ ਕੀਤੀ। ਲੇਡੀਜ਼ ਹਾਲ ਵਿੱਚ ਵੀ ਗੀਤ-ਸੰਗੀਤ ਅਤੇ ਕਵਿਤਾ ਪਾਠ ਰਾਹੀਂ ਸਰਦੀ ਦੇ ਇਸ ਲੋਕ ਤਿਉਹਾਰ ਦੀ ਮਹੱਤਤਾ ਉਜਾਗਰ ਕੀਤੀ ਗਈ।

ਸੈਂਟਰ ਦੇ ਪ੍ਰਧਾਨ ਅਵਤਾਰ ਸਿੰਘ ਢਿੱਲੋਂ ਨੇ ਬਜ਼ੁਰਗਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇੰਡੋ ਕੈਨੇਡੀਅਨ ਸੀਨੀਅਰ ਸੈਂਟਰ ਦਾ ਮੁੱਖ ਉਦੇਸ਼ ਬਜ਼ੁਰਗਾਂ ਨੂੰ ਇਕੱਠਾ ਕਰਕੇ ਉਨ੍ਹਾਂ ਲਈ ਖੁਸ਼ਗਵਾਰ ਅਤੇ ਸੱਭਿਆਚਾਰਕ ਵਾਤਾਵਰਣ ਪ੍ਰਦਾਨ ਕਰਨਾ ਹੈ। ਉਨ੍ਹਾਂ ਸਮਾਗਮ ਦੀ ਸਫਲਤਾ ਲਈ ਸਾਰੇ ਸਹਿਯੋਗੀਆਂ ਅਤੇ ਹਾਜ਼ਰੀਨ ਦਾ ਧੰਨਵਾਦ ਕੀਤਾ।

ਇਸ ਮੌਕੇ 'ਤੇ ਮਿਠਿਆਈ, ਰੇਵੜੀਆਂ ਅਤੇ ਚਾਹ-ਪਾਣੀ ਦੀ ਸੇਵਾ ਮਹਿੰਦਰ ਸਿੰਘ ਤੱਗੜ ਵੱਲੋਂ ਕੀਤੀ ਗਈ, ਜਿਸ ਲਈ ਸਾਰੇ ਹਾਜ਼ਰੀਨ ਨੇ ਉਨ੍ਹਾਂ ਦਾ ਖ਼ਾਸ ਧੰਨਵਾਦ ਕੀਤਾ।

## ਗਣਤੰਤਰ ਦਿਵਸ ਮੌਕੇ ਫਰੀਦਕੋਟ ਦੇ ਐਸ.ਪੀ. ਸਮੇਤ ਤਿੰਨ ਮੁਲਾਜ਼ਮਾ ਨੂੰ ਮਿਲੇਗਾ ਮੁੱਖ ਮੰਤਰੀ ਤਗਮਾ : ਡਾ. ਪ੍ਰਗਿਆ ਜੈਨ ਐਸਐਸਪੀ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 16 ਜਨਵਰੀ : ਜ਼ਿਲ੍ਹਾ ਫ਼ਰੀਦਕੋਟ ਦੇ ਐਸ.ਪੀ. ਸਮੇਤ ਤਿੰਨ ਪੁਲਿਸ ਕਰਮਚਾਰੀਆਂ ਦੀ ਮੁੱਖ ਮੰਤਰੀ ਤਗਮਾ (ਮੈਡਲ) ਲਈ ਸ਼ਾਨਦਾਰ ਸੇਵਾਵਾਂ ਬਦਲੇ ਚੋਣ ਕੀਤੀ ਗਈ ਹੈ। ਜਿੰਨਾ ਵਿੱਚ ਮਨਵਿੰਦਰਬੀਰ ਸਿੰਘ ਐਸ ਪੀ ਹੈਡ ਕੁਆਟਰ ਫਰੀਦਕੋਟ ਸਮੇਤ ਪੀਸੀਆਰ ਦੇ ਸੀਨੀਅਰ ਕਾਂਸਟੇਬਲ ਧਰਮਪਾਲ ਅਤੇ ਟਰੈਫਿਕ ਵਿੰਗ ਵਿੱਚ ਸਰਗਰਮ ਔਰਤ ਕਾਂਸਟੇਬਲ ਅਨੂ ਬਾਲਾ ਦੇ ਨਾਮ ਸ਼ਾਮਲ ਹਨ। ਜਿਕਰਯੋਗ ਹੈ ਕਿ 26 ਜਨਵਰੀ ਨੂੰ ਹੁਸ਼ਿਆਰਪੁਰ ਵਿੱਚ ਹੋਣ ਵਾਲੇ ਗਣਤੰਤਰ ਦਿਵਸ ਸਮਾਰੋਹ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਉਕਤਾਨ ਨੂੰ ਸਨਮਾਨਿਤ ਕੀਤਾ ਜਾਵੇਗਾ। ਇਸ ਸਬੰਧੀ



ਜਾਣਕਾਰੀ ਦਿੰਦਿਆਂ ਡਾ. ਪ੍ਰਗਿਆ ਜੈਨ ਐਸਐਸਪੀ ਫਰੀਦਕੋਟ ਨੇ ਦੱਸਿਆ ਕਿ ਫਰੀਦਕੋਟ ਪੁਲਿਸ ਲਈ ਇਹ ਅਤਿਅੰਤ ਮਾਣ ਅਤੇ ਗਰਵ ਦਾ ਸਮਾ ਹੈ ਕਿ ਜਿਲੇ ਨੂੰ ਮੁੱਖ ਮੰਤਰੀ ਮੈਡਲ ਦੇ ਰੂਪ ਵਿੱਚ ਵੱਡੀ ਉਪਲਬਧੀ ਹਾਸਲ ਹੋਈ ਹੈ। ਦਰਅਸਲ ਸੂਬੇ ਭਰ ਵਿੱਚ ਫਰੀਦਕੋਟ ਇਕ ਮਾਤਰ ਅਜਿਹਾ ਜਿਲਾ ਹੈ, ਜਿਸ ਨੂੰ ਇੱਕੋ ਵਾਰ ਤਿੰਨ ਮੁੱਖ ਮੰਤਰੀ ਮੈਡਲ ਪ੍ਰਾਪਤ ਹੋਏ ਹਨ। ਐਸਐਸਪੀ ਡਾ ਪ੍ਰਗਿਆ ਜੈਨ ਨੇ ਦਾਅਵਾ ਕੀਤਾ ਕਿ ਇਹ ਸਨਮਾਨ ਫਰੀਦਕੋਟ ਪੁਲਿਸ ਦੇ ਕਰਮਚਾਰੀਆਂ ਦੀ ਇਮਾਨਦਾਰੀ ਅਤੇ ਸਮਰਪਨ ਭਾਵਨਾ ਦਾ ਨਤੀਜਾ ਹੈ। ਡਾ ਪ੍ਰਗਿਆ ਜੈਨ ਨੇ ਆਖਿਆ ਕਿ ਉਕਤ ਟੀਮ ਵਰਕ ਅਤੇ ਅਨੁਸ਼ਾਸ਼ਿਤ ਕਾਰਜ ਪ੍ਰਣਾਲੀ ਦਾ ਨਤੀਜਾ ਹੈ, ਕਿਉਂਕਿ ਇਸ ਉਪਲਬਧੀ ਤੋਂ ਹੋਰ ਪੁਲਿਸ ਕਰਮਚਾਰੀਆਂ ਨੂੰ ਵੀ ਬਿਹਤਰ ਸੇਵਾਵਾਂ ਦੇਣ ਦੀ ਪ੍ਰੇਰਨਾ ਮਿਲੇਗੀ। ਉਹਨਾਂ ਆਖਿਆ ਕਿ ਪਦਕ ਲਈ ਤਿੰਨਾ ਅਧਿਕਾਰੀਆਂ-ਕਰਮਚਾਰੀਆਂ ਦੀ ਚੋਣ ਨੂੰ ਇਲਾਕਾ ਵਾਸੀ ਵਾਜਬ ਮੰਨਦੇ ਹਨ, ਕਿਉਂਕਿ ਉਕਤ ਅਧਿਕਾਰੀ-ਕਰਮਚਾਰੀ ਨੂੰ ਆਪਣੀ ਡਿਊਟੀ ਨੂੰ ਬੇਹੱਦ ਲਗਨ ਤੇ ਇਮਾਨਦਾਰੀ ਨਾਲ ਨਿਭਾਉਣ ਲਈ ਜਾਣਿਆ ਜਾਂਦਾ ਹੈ।

## ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਵਿੱਚ ਪ੍ਰੀ-ਨਰਸਰੀ ਤੋਂ 12ਵੀਂ ਜਮਾਤ ਤੱਕ ਦਾਖਲੇ ਸ਼ੁਰੂ : ਡਾ. ਵਿਜੈ ਸਿੰਘ

### ਖੇਡ ਗਰਾਊਂਡ, ਤਜਰਬੇਕਾਰ ਸਟਾਫ, ਸਮਾਰਟ ਕਲਾਸਰੂਮ ਆਦਿ ਨਾਲ ਲੈੱਸ ਸਕੂਲ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ






ਕੋਟਕਪੂਰਾ/ਬਾਜਾਖਾਨਾ, 16 ਜਨਵਰੀ : ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਬਾਜਾਖਾਨਾ ਦੇ ਚੇਅਰਮੈਨ ਡਾ. ਵਿਜੈ ਸਿੰਘ ਜੀ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਸਕੂਲ ਵਿੱਚ ਪ੍ਰੀ-ਨਰਸਰੀ ਤੋਂ ਲੈ ਕੇ 12ਵੀਂ ਜਮਾਤ ਤੱਕ ਦੇ ਦਾਖ਼ਲੇ ਸ਼ੁਰੂ ਹੋ ਚੁੱਕੇ ਹਨ, ਜਿਸ ਵਿੱਚ ਵੱਖ-ਵੱਖ ਕਲਾਸਾਂ ਲਈ ਲੋੜਾਂ, ਉਮਰ ਸੀਮਾਵਾਂ, ਯੋਗਤਾ ਮਾਪਦੰਡ ਅਤੇ ਅਰਜ਼ੀ ਪ੍ਰਕਿਰਿਆਵਾਂ ਸ਼ੁਰੂ ਹੋ ਚੁੱਕੀਆਂ ਹਨ, ਜੋ ਸਕੂਲ ਸ਼ਾਖਾ ਅਨੁਸਾਰ ਵੱਖ-ਵੱਖ ਹੁੰਦੀਆਂ ਹਨ। ਹਾਲਾਂਕਿ ਇਹ ਬੋਰਡ ਆਮ ਤੌਰ 'ਤੇ ਸੀ.ਬੀ.ਐੱਸ.ਈ. ਬੋਰਡ ਨਾਲ ਸਬੰਧਤ ਹੈ, ਸਕੂਲ ਵਿੱਚ ਹਰ ਤਰ੍ਹਾਂ ਦੀ ਸਟਰੀਮ ਜਿਵੇਂ (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ) ਅਤੇ ਹੋਰ ਵਿਸ਼ਿਆਂ 'ਤੇ ਕੇਂਦਰਿਤ ਕਰਦਾ ਹੈ, ਜਿੰਨ੍ਹਾਂ ਵਿੱਚ ਦਾਖਲੇ ਲਈ ਸਕਾਲਰਸ਼ਿਪ ਟੈਸਟ 'ਤੇ ਅਧਾਰਤ ਭਰਤੀ ਦਾਖਲਾ ਪ੍ਰੀਖਿਆ ਸ਼ੁਰੂ ਹੋ ਚੁੱਕੀ ਹੈ।

ਦਾਖਲਾ ਪ੍ਰਕਿਰਿਆ ਬਾਰੇ ਜਾਣਕਾਰੀ :- ਪ੍ਰੀ ਨਰਸਰੀ/ਪ੍ਰੀ-ਸਕੂਲ ਵਿਖੇ ਦਾਖਲੇ ਆਮ ਤੌਰ 'ਤੇ 3 ਸਾਲ ਦੀ ਉਮਰ ਦੇ ਆਸ-ਪਾਸ ਸ਼ੁਰੂ ਹੁੰਦੇ ਹਨ ਅਤੇ ਪਲੇਅ ਗਰੁੱਪ, ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. (ਬਾਲ ਵਾਟਿਕਾ 2 ਅਤੇ 3 ਸਾਲ ਤੱਕ ਦੀ ਉਮਰ) ਸ਼ਾਮਲ ਹਨ। ਉਹਨਾ ਦੱਸਿਆ ਕਿ ਪ੍ਰਾਇਮਰੀ ਅਤੇ ਮਿਡਲ ਸਕੂਲਾਂ ਵਿੱਚ ਦਾਖਲੇ ਲਈ ਪ੍ਰੀ-ਨਰਸਰੀ ਤੋਂ 8ਵੀਂ ਜਮਾਤ ਤੱਕ ਮੈਰਿਟ ਦੇ ਆਧਾਰ 'ਤੇ ਸਿੱਟਾ ਉਪਲਬਧ ਹਨ। ਉਹਨਾਂ ਦੱਸਿਆ ਕਿ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ (9ਵੀਂ ਤੋਂ 12ਵੀਂ, 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਿਗਿਆਨ, ਵਣਜ ਅਤੇ ਮਨੁੱਖਤਾ ਸਟਰੀਮ ਉਪਲਬਧ ਹਨ। ਜਿਸ ਲਈ ਦਾਖਲਾ ਪ੍ਰੀਖਿਆ ਅਤੇ ਚੰਗੇ ਸਕੋਰ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ ਬੱਚਿਆਂ ਨੂੰ ਪੜਾਈ ਦੇ ਨਾਲ-ਨਾਲ ਆਈਲੈਟਸ, ਆਈ.ਆਈ.ਟੀ., ਨੀਟ ਅਤੇ ਜੇ.ਈ.ਈ. ਦੀ ਪੜਾਈ ਵੀ ਕਰਵਾਈ ਜਾਂਦੀ ਹੈ। ਇਸ ਤੋਂ ਇਲਾਵਾ ਸਕੂਲ ਵਿੱਚ ਜਰਮਨ, ਫਰੈਂਚ ਅਤੇ ਅੰਗਰੇਜ਼ੀ ਦੀਆਂ ਵਿਸ਼ੇਸ਼ ਕਲਾਸਾਂ ਵੀ ਉਪਲੱਬਧ ਹਨ। ਇਸ ਤੋਂ ਇਲਾਵਾ ਡਾ: ਵਿਜੈ ਸਿੰਘ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਐਕਟੀਵਿਟੀ ਬੇਸਡ ਲਰਨਿੰਗ ਐਜੂਕੇਸ਼ਨ ਮੁਹੱਈਆ ਕਰਵਾਈ ਜਾਵੇਗੀ ਤੇ ਨਾਲ-ਨਾਲ ਹਰ ਤਰ੍ਹਾਂ ਦੀ ਖੇਡ ਸੁਵਿਧਾਵਾਂ ਵੀ ਉਪਲਬਧ ਹੋਵੇਗੀ, ਜਿਵੇਂ ਜੂਡੋ, ਕਬੱਡੀ, ਟੇਬਲ ਟੈਨਿਸ, ਵਾਲੀਬਾਲ, ਖੋ-ਖੋ ਆਦਿ ਹਰ ਤਰ੍ਹਾਂ ਦੀਆਂ ਖੇਡ ਸੁਵਿਧਾਵਾਂ ਉਪਲਬਧ ਹਨ। ਵਿਦਿਆਰਥੀਆਂ ਨੂੰ ਰੋਬੋਟਿਕ ਲਰਨਿੰਗ ਐਜੂਕੇਸ਼ਨ ਵੀ ਦਿੱਤੀ ਜਾਵੇਗੀ ਅਤੇ ਨਾਲ ਹੀ ਵੈਦਿਕ ਗਣਿਤ ਦੀ ਐਜੂਕੇਸ਼ਨ ਵੀ ਦਿੱਤੀ ਜਾਵੇਗੀ।

ਮੁੱਖ ਨੁਕਤੇ :-

ਜ਼ਿਆਦਾਤਰ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਸਕੂਲ ਸੀ.ਬੀ.ਐੱਸ.ਈ. ਬੋਰਡ ਨਾਲ ਸਬੰਧਤ ਹਨ, ਜੋ ਕਿ ਪੂਰੇ ਭਾਰਤ ਵਿੱਚ ਇੱਕ ਸਮਾਨ ਪਾਠਕ੍ਰਮ ਪੜ੍ਹਾਉਂਦਾ ਹੈ, ਜਿਸ ਵਿੱਚ ਦਾਖਲਾ ਫਾਰਮ, ਦਾਖਲਾ ਪ੍ਰੀਖਿਆ (ਕੁਝ ਕਲਾਸਾਂ ਲਈ), ਕੋਟੇ ਦੇ ਅਧੀਨ ਵੀ ਉਪਲਬਧ ਹਨ, ਪ੍ਰੀ-ਨਰਸਰੀ ਲਈ ਬੱਚੇ ਦੀ ਉਮਰ 2-3 ਸਾਲ ਹੋਣੀ ਚਾਹੀਦੀ ਹੈ, ਹੋਰ ਕਲਾਸਾਂ ਲਈ ਪਿਛਲੀ ਕਲਾਸ ਦੇ ਨਤੀਜੇ ਅਤੇ ਉਮਰ ਨੂੰ ਧਿਆਨ ਵਿੱਚ ਰੱਖ ਕੇ ਦਾਖ਼ਲਾ ਲਿਆ ਜਾਵੇਗਾ, ਇਸ ਲਈ ਤੁਸੀਂ ਆਪਣੇ ਬੱਚੇ ਦੇ ਬਿਹਤਰ ਭਵਿੱਖ ਲਈ ਦਿੱਲੀ ਪਬਲਿਕ ਇੰਟਰਨੈਸ਼ਨਲ ਸਕੂਲ ਸ਼ਾਖਾ ਚੁਣੋ, ਜੋ ਕਿ ਮੱਲਾ ਰੋਡ, ਬਾਜਾਖਾਨਾ ਵਿਖੇ ਸਥਿੱਤ ਹੈ। ਡਾ: ਵਿਜੈ ਸਿੰਘ ਨੇ ਦੱਸਿਆ ਕਿ ਆਪਣੀ ਚੁਣੀ ਹੋਈ ਸ਼ਾਖਾ ਦੀ ਅਧਿਕਾਰਤ ਵੈੱਬਸਾਈਟ 'ਤੇ 'ਦਾਖਲੇ' ਭਾਗ ਦੀ ਜਾਂਚ ਕਰੋ। ਉਹਨਾ ਦੱਸਿਆ ਕਿ ਬੱਚੇ ਦੇ ਦਾਖਲੇ ਅਤੇ ਹੋਰ ਜਾਣਕਾਰੀ ਲਈ ਸਾਡੇ ਨੰਬਰ 77090-92781 ਜਾਂ ਈਮੇਲ info0dpissociety.com 'ਤੇ ਸੰਪਰਕ ਕਰੋ।

## ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਦਸਮੇਸ਼ ਪਿਤਾ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ 16 ਜਨਵਰੀ : ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਵਿਖੇ ਧੰਨ ਧੰਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਦਰਬਾਰ ਹਾਲ ਵਿੱਚ ਇੱਕ ਵਿਸ਼ੇਸ਼ ਕਵੀ ਦਰਬਾਰ ਕਰਵਾਇਆ ਗਿਆ। ਇਸ ਕਵੀ ਦਰਬਾਰ ਵਿੱਚ ਪਲਵਿੰਦਰ ਸਿੰਘ ਰੰਧਾਵਾ, ਹਰਸ਼ਰਨ ਕੌਰ, ਬਲਬੀਰ ਸਿੰਘ ਸੰਘਾ, ਪ੍ਰਮਜੀਤ ਕੌਰ ਜੱਬਲ, ਬਿੱਕਰ ਸਿੰਘ ਖੋਸਾ, ਸੁਰਜੀਤ ਸਿੰਘ ਮਾਧੋਪੁਰੀ, ਹਰਚੰਦ ਸਿੰਘ ਬਾਗੜੀ, ਕਵਿੰਦਰ ਚੰਦ, ਬੰਤਾ ਸਿੰਘ ਸੱਭਰਵਾਲ, ਪ੍ਰਿਤਪਾਲ ਸਿੰਘ ਗਿੱਲ, ਹਰਚੰਦ ਸਿੰਘ ਗਿੱਲ, ਤਰਸੇਮ ਸਿੰਘ ਜੱਬਲ, ਤਰਸੇਮ ਸਿੰਘ ਭਲੂਰੀਆ, ਗੁਰਮੀਤ ਸਿੰਘ ਕਾਲਕਟ, ਗੁਰਦਰਸ਼ਨ ਸਿੰਘ ਬਾਦਲ ਅਤੇ ਸੁਰਿੰਦਰ ਸਿੰਘ ਜੱਬਲ ਨੇ ਆਪਣੀਆਂ ਕਾਵਿ ਰਚਨਾਵਾਂ ਰਾਹੀਂ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ, ਵਿਚਾਰਾਂ ਅਤੇ ਸ਼ਹਾਦਤੀ ਆਦਰਸ਼ਾਂ ਨੂੰ ਕਾਵਿ ਰੂਪ ਵਿੱਚ ਸੰਗਤ ਨਾਲ ਸਾਂਝਾ ਕੀਤਾ। ਇਹ ਕਵੀ ਦਰਬਾਰ ਕੇਂਦਰੀ ਪੰਜਾਬੀ ਲੇਖਕ ਸਭਾ ਉੱਤਰੀ ਅਮਰੀਕਾ ਦੇ ਸਹਿਯੋਗ ਨਾਲ ਕਰਵਾਇਆ ਗਿਆ।



ਕਵੀ ਦਰਬਾਰ ਦੌਰਾਨ ਸਟੇਜ ਦੀ ਜ਼ਿੰਮੇਵਾਰੀ ਸੁਸਾਇਟੀ ਦੇ ਪਬਲਿਕ ਰਿਲੇਸ਼ਨ ਸੁਰਿੰਦਰ ਸਿੰਘ ਜੱਬਲ ਵੱਲੋਂ ਬੜੀ ਸੁਚੱਜੀ ਤਰ੍ਹਾਂ ਨਿਭਾਈ ਗਈ। ਉਨ੍ਹਾਂ ਨੇ ਆਪਣੀ ਲਿਖੀ ਕਵਿਤਾ ਵੀ ਪੇਸ਼ ਕਰਕੇ ਸਮਾਗਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਇਆ। ਕਵੀ ਦਰਬਾਰ ਦੀ ਸਮਾਪਤੀ ਉਪਰੰਤ ਪ੍ਰਬੰਧਕ ਕਮੇਟੀ ਵੱਲੋਂ ਇਸ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਸਾਰੇ ਕਵੀਆਂ ਨੂੰ ਯਾਦਗਾਰੀ ਟ੍ਰਾਫੀਆਂ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ।

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

### ਦਿੱਲੀ ਦੀ ਸਾਬਕਾ ਮੁੱਖ ਮੰਤਰੀ ਆਤਿਸ਼ੀ ਵੱਲੋਂ ਗੁਰੂ ਸਾਹਿਬਾਨ ਬਾਰੇ ਕੀਤੀ ਟਿੱਪਣੀ ਸਬੰਧੀ ਨਿੰਦਾ ਮਤਾ ਪਾਸ

ਵਰਲਡ ਪੰਜਾਬੀ ਟਾਈਮਜ਼



ਅੰਮ੍ਰਿਤਸਰ, 16 ਜਨਵਰੀ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਅੱਜ ਇਥੇ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਬੀਤੇ ਦਿਨੀਂ ਦਿੱਲੀ ਦੀ ਸਾਬਕਾ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੀ ਆਗੂ ਆਤਿਸ਼ੀ ਵੱਲੋਂ ਸਿੱਖ ਗੁਰੂ ਸਾਹਿਬਾਨ ਬਾਰੇ ਕੀਤੀ ਅਪਮਾਨਜਨਕ ਟਿੱਪਣੀ ਬਾਰੇ ਨਿੰਦਾ ਮਤਾ ਪਾਸ ਕਰਦਿਆਂ ਉਸ ਖਿਲਾਫ਼ ਸਖ਼ਤ ਕਾਰਵਾਈ ਦਾ ਫੈਸਲਾ ਕੀਤਾ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਿੱਲੀ ਦੀ ਵਿਧਾਨ ਸਭਾ ਅੰਦਰ ਚੱਲਦੇ ਸੈਸ਼ਨ ਵਿਚ ਲੋਕਾਂ ਦੁਆਰਾ ਚੁਣੇ ਹੋਏ ਨੁਮਾਇੰਦੇ ਵੱਲੋਂ ਗੁਰੂ ਸਾਹਿਬਾਨ ਬਾਰੇ ਅਪਮਾਨਜਨਕ ਸ਼ਬਦਾਵਲੀ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਆਮ ਆਦਮੀ ਪਾਰਟੀ ਦੀ ਆਗੂ ਵੱਲੋਂ ਆਪਣੀ ਘਟੀਆ ਮਾਨਸਿਕਤਾ ਦਾ ਪ੍ਰਗਟਾਵਾ ਕਰਨ ਕਰਕੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਵਿਦਿਆਰਥੀਆਂ ਨੂੰ ਮੁਕਾਬਲਾ ਪ੍ਰੀਖਿਆਵਾਂ ਦੀ ਤਿਆਰੀ ਕਰਵਾਉਣ ਲਈ ਨਿਸ਼ਚੈ ਪ੍ਰਸ਼ਾਸਕੀ ਸੇਵਾਵਾਂ ਸਿਖਲਾਈ ਕੇਂਦਰ ਦੇ 6 ਵਿਦਿਆਰਥੀਆਂ ਵੱਲੋਂ ਪੀਸੀਐਸ ਦੀ ਮੁੱਢਲੀ ਪ੍ਰੀਖਿਆ ਪਾਸ ਕਰਨ ਅਤੇ ਨਿਸ਼ਚੈ ਅਕੈਡਮੀ ਆਫ ਜੁਡੀਸ਼ੀਅਲ ਸਰਵਿਸਿਜ਼ ਬਹਾਦਰਗੜ੍ਹ ਪਟਿਆਲਾ ਦੀ ਇੱਕ ਵਿਦਿਆਰਥਣ ਵੱਲੋਂ ਅਧੀਨ ਸੇਵਾਵਾਂ ਚੋਣ ਬੋਰਡ ਪੰਜਾਬ ਵੱਲੋਂ ਲਾਅ ਅਫ਼ਸਰ ਦੀ ਪ੍ਰੀਖਿਆ ਪਾਸ ਕਰਨ ਦੀ ਵੀ ਪ੍ਰਸ਼ੰਸਾ ਕੀਤੀ ਗਈ। ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਯਤਨ ਰਿਹਾ ਹੈ ਕਿ ਸਿੱਖ ਵਿਦਿਆਰਥੀ ਮੁਕਾਬਲਾ ਪ੍ਰੀਖਿਆਵਾਂ ਨੂੰ ਪਾਸ ਕਰਕੇ ਉੱਚ ਅਹੁਦਿਆਂ 'ਤੇ ਪਹੁੰਚਣ, ਤਾਂ ਜੋ ਉਹ ਗੁਰੂ ਬਖ਼ਸ਼ਿਸ਼ ਸਿਧਾਂਤਾਂ ਅਨੁਸਾਰ ਸਮਾਜ ਦੀ ਭਲਾਈ ਲਈ ਕਾਰਜ ਕਰ ਸਕਣ।

ਇਸੇ ਦੌਰਾਨ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਐਡਵੋਕੇਟ ਧਾਮੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਾਵਨ ਸਰੋਵਰ ਵਿਚ ਇਕ ਨੌਜੁਆਨ ਵੱਲੋਂ ਮਰਯਾਦਾ ਦੇ ਉਲਟ ਜਾ ਕੇ ਕੀਤੀ ਹਰਕਤ ਦੀ ਵੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਇਕ ਪਾਵਨ ਮਰਯਾਦਾ ਹੈ ਅਤੇ ਇਸ ਮਰਯਾਦਾ ਦੇ ਵਿਰੁੱਧ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਿੱਖ ਹਿਰਦਿਆਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ। ਉਨ੍ਹਾਂ ਹਰ ਧਰਮ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਦਰਸ਼ਨ ਦੀਦਾਰ ਕਰਨ ਸਮੇਂ ਇਥੋਂ ਦੀ ਪਾਵਨ ਮਰਯਾਦਾ ਦਾ ਧਿਆਨ ਰੱਖਿਆ ਜਾਵੇ।

ਅੰਤ੍ਰਿੰਗ ਕਮੇਟੀ ਵੱਲੋਂ ਅੱਜ ਦੀ ਇਕੱਤਰਤਾ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਅਤੇ ਗੁਰਦੁਆਰਾ ਸਾਹਿਬਾਨ, ਟਰੱਸਟ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਦੇ ਰੁਟੀਨ ਅਨੁਸਾਰ ਮਾਮਲਿਆਂ ਨੂੰ ਵਿਚਾਰਿਆ ਗਿਆ।

ਇਕੱਤਰਤਾ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਸ. ਸੁਰਜੀਤ ਸਿੰਘ ਕੰਗ, ਸ. ਗੁਰਪ੍ਰੀਤ ਸਿੰਘ ਝੱਬਰ, ਸ. ਦਲਜੀਤ ਸਿੰਘ ਭਿੰਡਰ, ਬੀਬੀ ਹਰਜਿੰਦਰ ਕੌਰ, ਸ. ਬਲਦੇਵ ਸਿੰਘ ਕਾਇਮਪੁਰ, ਸ. ਮੇਜਰ ਸਿੰਘ ਢਿੱਲੋਂ, ਸ. ਮੰਗਵਿੰਦਰ ਸਿੰਘ ਖਾਪੜਖੇੜੀ, ਡਾ. ਜੰਗ ਬਹਾਦਰ ਸਿੰਘ ਰਾਏ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਸ. ਸੁਖਮਿੰਦਰ ਸਿੰਘ, ਸ. ਬਲਵਿੰਦਰ ਸਿੰਘ ਕਾਹਲਵਾਂ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਤੇਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਮੀਤ ਸਕੱਤਰ ਸ. ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਜਸਵਿੰਦਰ ਸਿੰਘ ਜੱਸੀ, ਸ. ਗੁਰਨਾਮ ਸਿੰਘ, ਸ. ਹਰਭਜਨ ਸਿੰਘ ਵਕਤਾ, ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਐਕਸੀਅਨ ਸ. ਤੇਜਿੰਦਰਪਾਲ ਸਿੰਘ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਇੰਚਾਰਜ ਸ. ਮੇਜਰ ਸਿੰਘ, ਸ. ਅਜ਼ਾਦਦੀਪ ਸਿੰਘ, ਸ. ਗੁਰਮੇਜ ਸਿੰਘ, ਸ. ਤਰਸੇਮ ਸਿੰਘ ਆਦਿ ਮੌਜੂਦ ਸਨ।

## ਜ਼ਿਲ੍ਹਾ ਪ੍ਰੀਸ਼ਦ ਭਵਨ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਪਾਏ ਗਏ ਭੋਗ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 16 ਜਨਵਰੀ : ਅੱਜ ਸਥਾਨਕ ਜ਼ਿਲ੍ਹਾ ਪ੍ਰੀਸ਼ਦ ਭਵਨ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ, ਐਸਐਸਪੀ ਡਾ. ਜਯੋਤੀ ਯਾਦਵ ਬੈਂਸ ਤੋਂ ਇਲਾਵਾ ਸਮੁੱਚਾ ਜ਼ਿਲ੍ਹਾ ਪ੍ਰਸ਼ਾਸ਼ਨ ਦੇ ਅਧਿਕਾਰੀ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਨਤਮਸਤਕ ਹੋਏ। ਇਸ ਮੌਕੇ ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ ਅਤੇ ਐਸਐਸਪੀ ਨੂੰ ਸਿਰੋਪਾਓ ਵੀ ਭੇਂਟ ਕੀਤਾ ਗਿਆ।

ਇਸ ਤੋਂ ਪਹਿਲਾ ਰਾਗੀ ਜਥਾ ਗੁਰੂ ਕੀ ਸੰਗਤ ਬਰਨਾਲਾ ਬਾਈਪਾਸ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਰਿੰਦਰ ਸਿੰਘ ਧਾਲੀਵਾਲ, ਐਸ.ਡੀ.ਐਮ. ਬਠਿੰਡਾ ਸ੍ਰੀ ਬਲਕਰਨ ਸਿੰਘ, ਐਸ.ਡੀ.ਐਮ. ਰਾਮਪੁਰਾ ਸ੍ਰੀ ਸੁਨੀਲ ਫੋਗਾਟ, ਐਸ.ਡੀ.ਐਮ. ਮੌੜ ਸ੍ਰੀ ਸੁਖਰਾਜ ਸਿੰਘ, ਐਸ.ਡੀ.ਐਮ. ਤਲਵੰਡੀ ਸਾਬੋ ਸ੍ਰੀ ਪੰਕਜ ਕੁਮਾਰ, ਸੀ.ਐਮ.ਐਫ.ਓ. ਸ੍ਰੀ ਰਮਨਜੀਤ, ਡੀ.ਡੀ.ਪੀ.ਓ. ਸ੍ਰੀ ਅਭਿਨਵ ਗੋਇਲ ਤੋਂ ਇਲਾਵਾ ਹੋਰ ਅਧਿਕਾਰੀ ਤੇ ਕਰਮਚਾਰੀ ਆਦਿ ਹਾਜ਼ਰ ਸਨ।

## ਹਿੰਕ-ਪਾਕਿ ਪੰਜਾਬੀ ਗ਼ਜ਼ਲ ਦੇ ਤਿੰਨ ਲੋਕ- ਪਰਵਾਨ ਚਿਹਰੇ

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਪਿਛਲੇ ਸਾਲ ਅਸੀਂ ਇਹਨੀਂ ਦਿਨੀਂ ਵਿਸ਼ਵ ਪੰਜਾਬੀ ਕਾਨਫਰੰਸ ਦੇ ਬਹਾਨੇ ਲਾਹੌਰ ਵਿੱਚ ਸਾਂ। ਸਾਡੇ ਕਾਫ਼ਲੇ ਦਾ ਮਿੱਠੜਾ ਸਾਥੀ ਤ੍ਰੈਲੋਚਨ ਲੋਚੀ ਲਾਹੌਰ ਵਿੱਚ ਵੜਨ ਸਾਰ ਏਧਰਲੇ ਪੰਜਾਬ ਜਿੰਨਾ ਹੀ ਅੱਖੀਆਂ ਦਾ ਤਾਰਾ ਸੀ। ਪਾਕਿਸਤਾਨੀ ਪੰਜਾਬ ਦੀਆਂ ਦੋ ਪ੍ਰਮੁੱਖ ਗ਼ਜ਼ਲ ਸਿਰਜਕ ਬੀਬੀਆਂ ਬੁਸ਼ਰਾ ਨਾਜ਼ ਤੇ ਤਾਹਿਰਾ ਸਰਾ ਲੋਚੀ ਨੂੰ ਇੰਜ ਮਿਲੀਆਂ ਜਿਵੇਂ ਯੁਗਾਂ ਦੀਆਂ ਵਿੱਛੜੀਆਂ ਰੂਹਾਂ ਹੋਣ। ਲੋਚੀ ਦੀ ਕਾਵਿ ਖੁਸ਼ਬੋਈ ਓਧਰ ਵੀ ਬਿਖਰ ਚੁੱਕੀ ਹੈ। ਉਸ ਦੀ ਗ਼ਜ਼ਲ ਪੁਸਤਕ "ਦਿਲ ਦਰਵਾਜ਼ੇ" ਆਸਿਫ਼ ਰਜ਼ਾ ਨੇ ਓਧਰ ਸ਼ਾਹਮੁਖੀ ਵਿੱਚ ਪਿਛਲੇ ਸਾਲ ਛਾਪ ਦਿੱਤੀ ਸੀ ਤੇ ਤਾਹਿਰਾ ਸਰਾ ਦੀ ਕਾਵਿ ਪੁਸਤਕ " ਸ਼ੀਸ਼ਾ" ਨਿਉਯਾਰਕ ਵੱਸਦੇ ਕਵੀ ਤਰਲੋਕਬੀਰ ਨੇ ਏਧਰ ਚੇਤਨਾ ਪ੍ਰਕਾਸ਼ਨ ਤੋਂ ਛਪਵਾ ਦਿੱਤੀ ਸੀ ਕੁਝ ਸਮਾਂ ਪਹਿਲਾਂ। ਬੁਸ਼ਰਾ ਨਾਜ਼ ਦੀ ਗ਼ਜ਼ਲ ਪੁਸਤਕ " ਬੰਦਾ ਮਰ ਵੀ ਸਕਦਾ ਏ" ਏਧਰ ਡਾ. ਸਨੀ ਪੱਖੋ ਕੇ ਨੇ ਛਾਪ ਦਿੱਤੀ ਸੀ ਅਦਬ ਪ੍ਰਕਾਸ਼ਨ ਵੱਲੋਂ। ਅੱਜ ਤਿੰਨ ਸਿਰਜਕਾਂ ਦੀ ਪਿਛਲੀ ਲਾਹੌਰ ਫੇਰੀ ਦੀ ਤਸਵੀਰ ਵੇਖੀ ਤਾਂ ਦਿਲ ਕੀਤਾ ਕਿ ਤਿੰਨਾਂ ਦੀਆਂ ਦੋ ਦੋ ਲਿਖਤਾਂ ਤੁਹਾਡੇ ਰੂ ਬ ਰੂ ਕਰਾਂ। ਗੱਲ ਤਸਵੀਰ ਤੇ ਨਾ ਰੁਕੇ ਸਗੋਂ ਅੱਗੇ ਤੁਰੇ। ਤਿੰਨਾਂ ਦੀ ਸਾਂਝੀ ਤਸਵੀਰ ਨੂੰ ਬਹੁਤ ਸਾਰਾ ਪਿਆਰ।
ਪੇਸ਼ ਹਨ ਤਿੰਨਾਂ ਦੀਆਂ ਗ਼ਜ਼ਲਾਂ



1.
ਤਾਹਿਰਾ ਸਰਾ
1:
ਉਹਦਾ ਚੇਤਾ ਨਾਲ ਹੁੰਦਾ ਏ।
ਇੱਕ ਇੱਕ ਸ਼ਿਅਰ ਕਮਾਲ ਹੁੰਦਾ ਏ।

ਕਿਸੇ ਵੀ ਗੱਲ 'ਤੇ ਅੜ ਜਾਂਦਾ ਏ,
ਦਿਲ ਤੇ ਜ਼ਿੱਦੀ ਬਾਲ ਹੁੰਦਾ ਏ।

ਆ ਜਾਂਦਾ ਏ ਚੰਦਰਾ ਸਾਵਣ,
ਫਿਰ ਜੋ ਮੇਰਾ ਹਾਲ ਹੁੰਦਾ ਏ।

ਹਿਜਰ ਨੂੰ ਕੁਸ਼ਤਾ ਕਰਦੀ ਪਈ ਆਂ,
ਵੇਖੋ ਕਦੋਂ ਵਿਸਾਲ ਹੁੰਦਾ ਏ।

ਧੀ ਨੂੰ ਕਿਉਂ ਤੂੰ ਭੈੜਾ ਆਖੇਂ,
ਧੀਆਂ ਲੁੱਟ ਦਾ ਮਾਲ ਹੁੰਦਾ ਏ?

ਅੱਧੇ ਘੰਟੇ ਬਾਅਦ ਆਵੇਂਗਾ,
ਅੱਧਾ ਘੰਟਾ ਸਾਲ ਹੁੰਦਾ ਏ!

ਕੱਚੇ ਦੁੱਧ ਦੇ ਵਾਂਗ ਇਹ ਅੱਥਰੂ,
ਕੜ੍ਹ ਕੜ੍ਹ ਗਾੜ੍ਹਾ ਲਾਲ ਹੁੰਦਾ ਏ।

2.
ਤੈਨੂੰ ਇੰਜ ਨਿਗਾਹਵਾਂ ਲੱਭਣ।
ਮਰਦੇ ਜੀਕੂੰ ਸਾਹਵਾਂ ਲੱਭਣ।

ਅੱਜ ਵੀ ਮੇਰੀਆਂ ਝੱਲੀਆਂ ਨਜ਼ਰਾਂ,
ਮੇਰੇ ਵਿੱਚ ਪਰਛਾਵਾਂ ਲੱਭਣ।

ਦਿਲ ਦੇ ਦੀਵੇ ਬੁੱਝੇ ਪਏ ਨੇ,
ਹੁਣ ਕੀ ਏਥੋਂ 'ਵਾਵਾਂ ਲੱਭਣ।

ਸੁਸਤੀ ਮਾਰੀ ਸੋਚ ਇਹ ਆਂਹਦੀ,
ਤੁਰੀਏ ਤਾਂ ਤੇ ਰਾਹਵਾਂ ਲੱਭਣ।

ਮੈਂ ਸੁਪਨੇ ਵਿੱਚ ਸੁਪਨਾ ਤੱਕਿਆ,
ਮੈਨੂੰ ਤੇਰੀਆਂ ਬਾਹਵਾਂ ਲੱਭਣ।

ਬੁਸ਼ਰਾ ਨਾਜ਼
1.
ਤੇਰੇ 'ਤੇ ਐਤਬਾਰ ਨਈਂ ਕੀਤਾ ਜਾ ਸਕਦਾ।
ਝੂਠਾ ਏ ਨਾ ਪਿਆਰ ਨਈਂ ਕੀਤਾ ਜਾ ਸਕਦਾ।

ਇਹ ਸੌਦੇ ਤੇ ਉੱਕੇ-ਪੁੱਕੇ ਹੁੰਦੇ ਨੇ,
ਦਿਲ ਦਾ ਕਾਰੋਬਾਰ ਨਈਂ ਕੀਤਾ ਜਾ ਸਕਦਾ।

ਚੁੱਪ ਕਰ ਸਾਨੂੰ ਚਿਹਰੇ ਪੜ੍ਹਨੇ ਆਉਂਦੇ ਨੇ,
ਅੱਖਰਾਂ ਵਿਚ ਇਜ਼ਹਾਰ ਨਈਂ ਕੀਤਾ ਜਾ ਸਕਦਾ।

ਮੰਨਿਆਂ ਜੀਵਨ ਦੇ ਲਈ ਪਿਆਰ ਜ਼ਰੂਰੀ ਏ,
ਸੋਚਾਂ ਤੇ ਅਸਵਾਰ ਨਈਂ ਕੀਤਾ ਜਾ ਸਕਦਾ।

ਦਿਲ ਦੇਵਣ ਲਈ ਕਮਲ਼ਾ ਹੋਇਆ ਫਿਰਨਾ ਏਂ,
ਤੈਨੂੰ ਤੇ ਇਨਕਾਰ ਨਈਂ ਕੀਤਾ ਜਾ ਸਕਦਾ।

ਦਿਲ ਦੀ ਨਗਰੀ ਲੁੱਟਣ ਵਾਲ਼ੇ ਨੂੰ 'ਬੁਸ਼ਰਾ',
ਦਿਲ ਦਾ ਪਹਿਰੇਦਾਰ ਨਈਂ ਕੀਤਾ ਜਾ ਸਕਦਾ।
2.
ਇੰਝ ਨਾ ਮੈਨੂੰ ਤੱਕ ਵੇ ਅੜਿਆ।
ਲੋਕੀਂ ਕਰਦੇ ਸ਼ੱਕ ਵੇ ਅੜਿਆ।

ਮੈਂ ਸੁਣਨੀ ਏ ਪਿਆਰ ਕਹਾਣੀ,
ਸੁਣਨੀ ਆਖਰ ਤੱਕ ਵੇ ਅੜਿਆ।

ਰੰਗ ਬਰੰਗੀਆਂ ਵੰਗਾਂ ਪਵਾ ਦੇ,
ਪਾਵਾਂ ਕੂਹਣੀਆਂ ਤੱਕ ਵੇ ਅੜਿਆ।

ਇਕ ਦੂਜੇ ਤੇ ਕਿਉਂ ਕਰਨੇ ਆਂ,
ਆਪਾਂ ਦੋਵੇਂ ਸ਼ੱਕ ਵੇ ਅੜਿਆ।

ਜੇ ਤੂੰ ਆਪਣੇ ਹੱਥੀਂ ਦੇਵੇਂ,
ਜ਼ਹਿਰ ਲਵਾਂਗੀ ਫੱਕ ਵੇ ਅੜਿਆ।

ਕੰਧਾਂ ਦੇ ਵੀ ਕੰਨ ਹੁੰਦੇ ਨੇ,
ਭੋਰਾ ਜਿਹਾ ਤੇ ਝੱਕ ਵੇ ਅੜਿਆ।

'ਬੁਸ਼ਰਾ' ਸ਼ਹਿਰ 'ਚ ਜੀਅ ਨੀ ਲਗਦਾ,
ਮੈਂ ਚੱਲੀ ਆਂ ਚੱਕ ਵੇ ਅੜਿਆ।

ਤ੍ਰੈਲੋਚਨ ਲੋਚੀ
1.
ਅਪਣੇ ਬੋਲਾਂ ਤੋਂ ਹੀ ਥਿੜਕਾਂ ..ਨਾ ਬਈ ਨਾ!
ਮੈਂ ਵੀ ਉਹਨਾਂ ਵਰਗਾ ਨਿਕਲਾਂ..ਨਾ ਬਈ ਨਾ!
ਮੈਂ ਸ਼ਾਇਰ ਮੈਂ ਸ਼ਬਦ ਦੀ ਰਾਖੀ ਬੈਠਾ ਵਾ,
ਰੁਖ਼ ਹਵਾ ਦਾ ਦੇਖਕੇ ਬਦਲਾਂ...ਨਾ ਬਈ ਨਾ!

ਦਾਣੇ ਦੁਣਕੇ ਨੂੰ ਜਦ ਖ਼ਲਕਤ ਤਰਸ ਰਹੀ,
ਤੇ ਮੈਂ ਅਪਣੇ ਬੋਝੇ ਭਰ'ਲਾਂ...ਨਾ ਬਈ ਨਾ!

ਇਸ ਤੋਂ ਵੱਡਾ ਹੋਰ ਗੁਨਾਹ ਕੀ ਹੋ ਸਕਦੈ,
ਅਪਣੀ ਬੋਲੀ ਨੂੰ ਹੀ ਭੁੱਲਾਂ ....ਨਾ ਬਈ ਨਾ!

ਮੈਨੂੰ ਬਖ਼ਸ਼ੂ 'ਲੋਚੀ' ਕਿਵੇਂ ਜ਼ਮੀਰ ਮੇਰੀ,
ਮੈਂ ਦਰਬਾਰੀ ਸ਼ਾਇਰ ਬਣ'ਜਾਂ ...ਨਾ ਬਈ ਨਾ!
2.
ਸਜ਼ਾ ਕੈਸੀ ਮਿਲੀ ਇਹ ਸੋਚਦਾ ਹਾਂ!
ਮੈਂ ਖ਼ੁਦ ਤੋਂ ਹੀ ਬਗਾਨਾ ਹੋ ਰਿਹਾ ਹਾਂ!

ਮਖੌਟਾ ਹੀ ਨਜ਼ਰ ਚਿਹਰੇ 'ਤੇ ਆਵੇ,
ਮੈਂ ਜਿੰਨ੍ਹੀ ਵਾਰ ਸ਼ੀਸ਼ਾ ਦੇਖਦਾ ਹਾਂ!

ਖ਼ੁਦਾ ਉਸਨੂੰ ਵੀ ਅੰਬਰ ਬਖ਼ਸ਼ ਦੇਵੇ,
ਮੈਂ ਜਿਸਦੀ ਅੱਖ ਦੇ ਵਿੱਚ ਰੜਕਦਾ ਹਾਂ!

ਜਿਉਂਦੇ ਹੋਣ ਦਾ ਅਹਿਸਾਸ ਹੁੰਦੈ,
ਮੈਂ ਦਿਲ ਦੇ ਬੂਹੇ ਖੁੱਲ੍ਹੇ ਰੱਖਦਾ ਹਾਂ!

ਮੇਰੇ ਅੰਦਰ ਹੈ ਸ਼ਬਦਾਂ ਦਾ ਕਬੀਲਾ,
ਮੈਂ ਅਪਣੇ ਆਪ ਵਿੱਚ ਹੀ ਕਾਫ਼ਲਾ ਹਾਂ!

ਕਿਤੇ ਮਿੱਟੀ ਨਾ ਮੈਨੂੰ ਭੁੱਲ ਜਾਵੇ,
ਮੈਂ ਅਪਣੀ ਮਾਂ ਦੀ ਬੋਲੀ ਬੋਲਦਾ ਹਾਂ!

ਮੇਰੇ ਅੰਦਰ ਵੀ ਹੈ ਲੋਚੀ ਜਿਹਾ ਕੁਝ,
ਮੈਂ ਵੈਰੀ ਦੇ ਵੀ ਸੀਨੇ ਧੜਕਦਾ ਹਾਂ!

## ਡੋਪਿੰਗ ਤੋਂ ਕਦੋਂ ਖਹਿੜਾ ਛੁੜਵਾਉਣਗੇ ਖਿਡਾਰੀ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਹਰਦੀਪ ਸਿੰਘ ਸੰਗਰੂਰ

ਦੇਸ਼ ਦੇ ਸੂਬੇ ਤਾਮਿਲਨਾਡੂ ਦੀ ਕੌਮਾਂਤਰੀ ਫਰਾਟਾ ਦੌੜਾਕ ਧਨਲਕਸ਼ਮੀ ਸ਼ੇਖਰ ਡੋਪਿੰਗ ਦੇ ਮਾਮਲੇ ਵਿੱਚ ਮੁੜ ਤੋਂ ਘਿਰ ਗਈ ਹੈ | ਨੈਸ਼ਨਲ ਐਂਟੀ ਡੋਪਿੰਗ ਏਜੇਂਸੀ (ਨਾਡਾ ) ਵਲੋਂ ਉਸ ਖਿਲਾਫ ਕਾਰਵਾਈ ਕਰਦਿਆਂ ਉਸ ਉਪਰ ਖੇਡਾਂ ਵਿੱਚ ਭਾਗ ਲੈਣ ਤੋਂ ਰੋਕਣ ਲਈ ਅੱਠ ਸਾਲ ਦੀ ਪਾਬੰਦੀ ਲਗਾ ਦਿੱਤੀ ਹੈ ਕਿਉਂਕਿ ਉਸ ਉਪਰ ਡੋਪਿੰਗ ਦਾ ਇਹ ਦੂਸਰਾ ਮਾਮਲਾ ਹੈ | ਇਸ ਤੋਂ ਪਹਿਲਾਂ ਉਸਨੇ ਮਈ 2022 ਵਿਚ ਹੋਏ ਇੱਕ ਖੇਡ ਮੁਕਾਬਲੇ ਵਿੱਚ ਡੋਪਿੰਗ ਕਰਕੇ ਭਾਗ ਲਿਆ ਸੀ ਤੇ ਟੈਸਟ ਪਾਜ਼ਿਟਿਵ ਆਉਣ ਕਰਕੇ ਨਾਡਾ ਵਲੋਂ ਉਸ ਉਪਰ ਤਿੰਨ ਸਾਲ ਖੇਡ ਮੁਕਾਬਲੇ ਵਿੱਚ ਭਾਗ ਨਾ ਲੈਣ ਦੀ ਪਾਬੰਦੀ ਲਗਾਈ ਗਈ | ਹੁਣ ਉਸਨੇ ਦੂਸਰੀ ਵਾਰ ਸਾਲ 2025 ਵਿੱਚ ਹੋਏ ਕੌਮਾਂਤਰੀ ਖੇਡ ਮੁਕਾਬਲੇ ਵਿੱਚ 100 ਮੀਟਰ ਫਰਾਟਾ ਦੌੜ ਵਿੱਚ ਪਾਬੰਦੀਸ਼ੁਦਾ ਦਵਾਈ ਐਨਾਂਬੋਲਿਕ ਸਟੀਰੌਇਡ ਦਵਾਈ ਦਾ ਸੇਵਨ ਕਰਕੇ 11:36 ਸਕਿੰਟ ਦਾ ਸਮਾਂ ਕੱਢਿਆ | ਇਸ ਮੁਕਾਬਲੇ ਤੋਂ ਤੁਰੰਤ ਬਾਅਦ, ਜਦੋਂ ਉਸਦਾ ਡੋਪ ਟੈਸਟ ਕੀਤਾ ਤਾਂ ਪਤਾ ਲੱਗਾ ਕਿ ਉਸਨੇ ਮੁੜ ਤੋਂ ਡੋਪਿੰਗ ਕਰਕੇ ਖੇਡ ਮੁਕਾਬਲਾ ਲੜਿਆ ਹੈ | ਵਿਸ਼ਵ ਐਟੀਂ ਡੋਪਿੰਗ ਏਜੇਂਸੀ ਅਤੇ ਰਾਸ਼ਟਰੀ ਐਟੀਂ ਡੋਪਿੰਗ ਏਜੇਂਸੀ ਦੇ ਨਿਯਮਾਂ ਮੁਤਾਬਿਕ ਜੋ ਖਿਡਾਰੀ ਦੂਹਰੀ ਵਾਰ ਡੋਪਿੰਗ ਦੇ ਮਾਮਲੇ ਵਿੱਚ ਫੱਸਦਾ ਹੈ ਤਾਂ ਉਸ ਤੇ ਅੱਠ ਸਾਲ ਕਿਸੇ ਵੀ ਖੇਡ ਮੁਕਾਬਲੇ ਵਿੱਚ ਭਾਗ ਨਾ ਲੈਣ ਦੀ ਪਾਬੰਦੀ ਲੱਗਦੀ ਹੈ | ਭਾਰਤੀ ਖਿਡਾਰਨ ਧਨਲਕਸ਼ਮੀ ਸ਼ੇਖਰ ਨੂੰ ਮਿਲੀ ਇਸ ਸਜ਼ਾ ਨਾਲ ਖਿਡਾਰੀਆਂ ਵਲੋਂ ਖੇਡਾਂ ਵਿੱਚ ਕੀਤੀ ਜਾਂਦੀ ਡੋਪਿੰਗ ਦਾ ਮਾਮਲਾ ਫਿਰ ਤੋਂ ਗਰਮਾ ਗਿਆ ਹੈ ਤੇ ਸਵਾਲ ਪੈਦਾ ਹੁੰਦਾ ਹੈ ਕਿ ਆਖਿਰ ਖੇਡਾਂ ਵਿੱਚ ਡੋਪਿੰਗ ਕਦੋਂ ਖਹਿੜਾ ਛੁੜਵਾਉਣਗੇ ਸਾਡੇ ਖਿਡਾਰੀ?

ਖੇਡ ਸੰਸਾਰ ਵਿਚ ਡੋਪਿੰਗ ਦੇ ਅਨੇਕਾਂ ਮਾਮਲੇ ਸਮੇਂ ਸਮੇਂ ਤੇ ਸਾਹਮਣੇ ਆਉਂਦੇ ਰਹੇ ਨੇ ਜਿਨ੍ਹਾਂ ਨਾਲ ਡੋਪਿੰਗ ਕਰਨ ਵਾਲੇ ਖਿਡਾਰੀਆਂ ਅਤੇ ਉਹਨਾਂ ਦੇ ਮੁਲਖਾਂ ਨੂੰ ਨਮੋਸ਼ੀ ਝੱਲਣੀ ਪਈ ਤੇ ਕਈ ਖਿਡਾਰੀਆਂ ਨੂੰ ਇਸ ਦੇ ਮਾਰੂ ਪ੍ਰਭਾਵਾਂ ਕਾਰਨ ਆਪਣੀ ਜਾਨ ਤੋਂ ਵੀ ਹੱਥ ਧੋਣੇ ਪਏ | ਖੇਡਾਂ ਦੀ ਦੁਨੀਆਂ ਵਿਚ ਡੋਪਿੰਗ ਦਾ ਪਹਿਲਾ ਮਾਮਲਾ 1960 ਦੀਆਂ ਰੋਮ ਓਲੰਪਿਕ ਖੇਡਾਂ ਦੌਰਾਨ ਡੈਨਮਾਰਕ ਦੇ ਸਾਈਕਲਿਸ੍ਟ ਕੁਰਤ ਜੈਕਸ਼ਨ ਦਾ ਆਇਆ | ਜਿਸ ਨੇ ਇਹਨਾਂ ਖੇਡਾਂ ਵਿਚ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਸਾਈਕਲਿੰਗ ਕੀਤੀ ਤੇ ਉਹ ਸਾਈਕਲ ਟਰੈਕ ਵਿਚ ਹੀ ਦਮ ਤੋੜ ਗਿਆ | ਇਸ ਤੋਂ ਇਲਾਵਾ ਡੋਪਿੰਗ ਦਾ ਸਭ ਤੋਂ ਵੱਧ ਮਸ਼ਹੂਰ ਮਾਮਲਾ 1988 ਦੀਆਂ ਸਿਉਲ ਉਲੰਪਿਕ ਖੇਡਾਂ ਦੌਰਾਨ ਕੈਨੇਡਾ ਦੇ ਫਰਾਟਾ ਦੋੜਾਕ ਬੈਨ ਜੌਹਨਸਨ ਦਾ ਹੋਇਆ ਸੀ | ਜਿਸ ਨੇ ਆਪਣੇ ਮਾਸ ਪੱਠਿਆਂ ਦੀ ਤਾਕਤ ਵਧਾਉਣ ਲਈ ਐਨਾਬੋਲਿਕ ਸਟੀਰਾਈਡ ਦਾ ਇਸਤੇਮਾਲ ਕਰਕੇ 100 ਮੀਟਰ ਫਰਾਟਾ ਦੌੜ ਵਿਚ 9:79 ਸੈਕੰਡ ਦਾ ਸਮਾਂ ਕੱਢ ਨਵਾਂ ਰਿਕਾਰਡ ਬਣਾ ਦਿੱਤਾ ਸੀ | ਪਰ ਡੋਪ ਟੈਸਟ ਵਿਚ ਫੇਲ ਹੋਣ ਕਾਰਨ ਉਸ ਨੂੰ ਦਿੱਤਾ ਗੋਲ੍ਡ ਮੈਡਲ ਵਾਪਿਸ ਲੈ ਲਿਆ ਤੇ ਉਸਦੇ ਬਣਾਏ ਰਿਕਾਰਡ ਨੂੰ ਭੰਗ ਵੀ ਕਰ ਦਿੱਤਾ ਅਤੇ ਵਾਡਾ ਨੇ ਉਸ ਉਪਰ ਉਮਰ ਭਰ ਖੇਡਣ ਦੀ ਪਾਬੰਦੀ ਲਗਾ ਦਿੱਤੀ | ਜਿਸ ਨਾਲ ਬੈਨ ਜੌਹਨਸਨ ਦੀ ਕੁਲ ਲੋਕਾਈ ਵਿਚ ਬੜੀ ਥੂ ਥੂ ਹੋਈ ਤੇ ਉਸਦੇ ਦੇਸ਼ ਕੈਨੇਡਾ ਨੂੰ ਵੀ ਸ਼ਰਮਸਾਰ ਹੋਣਾ ਪਿਆ | ਇਸ ਮੁਕਾਬਲੇ ਦਾ ਜੇਤੂ ਬਣਿਆ ਅਮਰੀਕੀ ਦੋੜਾਕ ਕਾਰਲ ਲੁਈਸ, ਜੋ ਪਹਿਲਾਂ ਇਸ ਰੇਸ ਵਿਚ ਦੋਇਮ ਰਿਹਾ ਸੀ |

ਪੈਰਿਸ ਓਲੰਪਿਕ ਖੇਡਾਂ 2024 ਵਿਚ ਡੋਪਿੰਗ ਨੂੰ ਰੋਕਣ ਲਈ ਕੌਮਾਂਤਰੀ ਓਲੰਪਿਕ ਕਮੇਟੀ ਨੇ ਵਿਸ਼ਵ ਐਂਟੀ ਡੋਪਿੰਗ ਏਜੈਂਸੀ ( ਵਾਡਾ ) ਅਤੇ ਫ਼੍ਰੈਂਚ ਐਂਟੀ ਡੋਪਿੰਗ ਏਜੈਂਸੀ ( ਏਐਫਐਲਡੀ ) ਦੀ ਮਦਦ ਨਾਲ 1160 ਮਾਹਰ ਬੰਦਿਆਂ ਦੀ ਇੱਕ ਬਰਗੇਡ ਬਣਾਈ | ਜਿਨ੍ਹਾਂ ਵਿਚੋਂ 800 ਮਾਹਰ ਬੰਦੇ ਅਥਲੀਟਾਂ ਨੂੰ ਮੁਕਾਬਲੇ ਤੋਂ ਤੁਰੰਤ ਬਾਅਦ ਡੋਪ ਟੈਸਟ ਦੇਣ ਲਈ ਸੂਚਿਤ ਕਰਦੇ ਸਨ ਅਤੇ ਜਿਨ੍ਹਾਂ ਚਿਰ ਖਿਡਾਰੀਆਂ ਦੇ ਡੋਪ ਟੈਸਟ ਦੀ ਸਾਰੀ ਪ੍ਰਕਿਰਿਆ ਮੁਕੰਮਲ ਨਹੀਂ ਸੀ ਹੋ ਜਾਂਦੀ ਉਨ੍ਹਾਂ ਚਿਰ ਉਹ ਉਹਨਾਂ ਤੇ ਨਿਗਰਾਨ ਵਜੋਂ ਬਾਜ਼ ਵਾਂਗ ਅੱਖ ਰੱਖਦੇ | ਪੈਰਿਸ ਓਲੰਪਿਕ ਖੇਡਾਂ ਵਿਚ ਹਰ ਖੇਡ ਮੈਦਾਨ ਲਈ ਡੋਪਿੰਗ ਕੰਟਰੋਲ ਲੈਬੋਰਟਰੀ ਦਾ ਪ੍ਰਬੰਧ ਵੱਖਰੇ ਤੌਰ ਤੇ ਕੀਤਾ ਗਿਆ ਸੀ | ਜਿਨ੍ਹਾਂ ਲਈ 360 ਮਾਹਰ ਲੈਬ ਟੈਕਨੀਸ਼ੀਅਨ ਖਿਡਾਰੀਆਂ ਦੇ ਡੋਪ ਟੈਸਟ ਲਈ ਉਹਨਾਂ ਦੇ ਖੂਨ ਅਤੇ ਪੇਸ਼ਾਬ ਦੇ ਨਮੂਨੇ ਲੈਂਦੇ ਸੀ | ਫਰਾਂਸ ਨੇ ਇਸ ਕੰਮ ਲਈ 'ਲੈਬੋਰਟਰੀਜ਼ ਐਂਟੀਡੋਪੇਜ਼ ਫਰਾਂਸੇਜ਼ ( ਐਲਏਡੀਐਫ ) ਨੂੰ ਕਰੋੜਾਂ ਡਾਲਰ ਦੀ ਫੰਡਿੰਗ ਕੀਤੀ | ਕੌਮਾਂਤਰੀ ਟੈਸਟਿੰਗ ਏਜੇਂਸੀ (ਆਈ.ਟੀ ਏ.) ਨੇ ਪੈਰਿਸ ਓਲੰਪਿਕਸ 2024 ਵਿੱਚ ਡੋਪਿੰਗ ਵਿਰੋਧੀ ਮੁਹਿੰਮ ਚਲਾਉਂਦੇ ਹੋਏ ਖੇਡਾਂ ਦੇ ਸ਼ੁਰੂ ਹੋਣ ਤੋਂ ਸਮਾਪਤ ਹੋਣ ਤੱਕ ਸਾਰੇ ਖੇਡ ਮੁਕਾਬਲਿਆਂ ਵਿੱਚ ਭਾਗ ਲੈ ਰਹੇ ਖਿਡਾਰੀਆਂ ਦੇ ਡੋਪਿੰਗ ਟੈਸਟ ਲਈ ਪਿਸ਼ਾਬ ਅਤੇ ਖੂਨ ਦੇ 6130 ਨਮੂਨੇ ਲਏ | ਟੈਸਟਿੰਗ ਏਜੇਂਸੀ ਵਲੋਂ ਲਏ ਗਏ ਇਹ ਨਮੂਨੇ ਟੋਕੀਓ ਓਲੰਪਿਕਸ 2020 ਨਾਲੋਂ ਚਾਰ ਪ੍ਰਤੀਸ਼ਤ ਵੱਧ ਅਤੇ ਰੀਓ ਓਲੰਪਿਕਸ 2016 ਨਾਲੋਂ 10% ਵੱਧ ਸਨ | ਟੈਸਟ ਤੋਂ ਬਾਅਦ ਇਨ੍ਹਾਂ ਖੇਡਾਂ ਵਿੱਚ ਵੱਖ ਵੱਖ ਦੇਸ਼ਾਂ ਦੇ ਪੰਜ ਖਿਡਾਰੀ ਡੋਪਿੰਗ ਦੇ ਕੇਸ ਅਧੀਨ ਟੈਸਟਿੰਗ ਏਜੇਂਸੀ ਦੇ ਅੜਿੱਕੇ ਚੜ੍ਹੇ | ਜਿਨ੍ਹਾਂ ਉਪਰ ਨਿਯਮਾਂ ਅਨੁਸਾਰ ਕਾਰਵਾਈ ਹੋਈ ਤੇ ਉਹਨਾਂ ਤੇ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਤੇ ਪਾਬੰਦੀ ਲਗਾ ਦਿੱਤੀ ਗਈ |

ਕੌਮਾਂਤਰੀ ਓਲੰਪਿਕ ਕਮੇਟੀ ਅਨੁਸਾਰ ਡੋਪਿੰਗ ਨੂੰ ਰੋਕਣ ਲਈ ਵਿਸ਼ਵ ਪੱਧਰ ਦੀ ਬਣੀ ਵਰਲਡ ਐਂਟੀ ਡੋਪਿੰਗ ਏਜੰਸੀ (ਵਾਡਾ ) ਨੇ ਅਜਿਹੀਆਂ 200 ਤੋਂ ਵੱਧ ਮੈਡੀਕੇਟਿਡ ਦਵਾਈਆਂ ਦੀ ਲਿਸਟ ਬਣਾਈ ਹੋਈ ਹੈ ਜਿਨ੍ਹਾਂ ਦਾ ਸੇਵਨ ਕਰਕੇ ਖਿਡਾਰੀ ਕਿਸੇ ਵੀ ਕੌਮਾਂਤਰੀ ਖੇਡ ਮੁਕਾਬਲੇ ਵਿਚ ਭਾਗ ਨਹੀਂ ਲੈ ਸਕਦਾ | ਮੁਕਾਬਲੇ ਤੋਂ ਤੁਰੰਤ ਬਾਅਦ ਖਿਡਾਰੀ ਨੂੰ ਗ੍ਰਾਉਂਡ ਵਿਚੋਂ ਹੀ ਡੋਪ ਟੈਸਟ ਲਈ ਲੈਬ ਵਿਚ ਲਿਜਾਇਆ ਜਾਂਦੈ | ਜਿਥੇ ਉਸਦੇ ਖੂਨ ਅਤੇ ਪਿਸ਼ਾਬ ਦੇ ਨਮੂਨਿਆ ਨੂੰ ਲੈ ਕੇ ਟੈਸਟ ਕਰ ਲਿਆ ਜਾਂਦੈ | ਜਿਸ ਵੀ ਖਿਡਾਰੀ ਦਾ ਡੋਪ ਟੈਸਟ ਪਾਜ਼ਿਟਿਵ ਆ ਜਾਂਦਾ ਹੈ ਉਸਦੇ ਖਿਲਾਫ਼ ਵਾਡਾ ਏਡੀਆਰ ਦੇ ਆਰਟੀਕਲਜ਼ ਮੁਤਾਬਿਕ ਕਾਰਵਾਈ ਕੀਤੀ ਜਾਂਦੀ ਹੈ |

ਲੇਂਕਿਨ ਫੇਰ ਵੀ ਆਪਣੇ ਖੇਡ ਮਿਆਰ ਨੂੰ ਉੱਚਾ ਚੁੱਕਣ ਦੀ ਲਾਲਸਾ ਵਿਚ ਖਿਡਾਰੀ ਕਈ ਤਰਾਂ ਦੀ ਡੋਪਿੰਗ ਦਾ ਇਸਤੇਮਾਲ ਕਰਦੇ ਨੇ | ਖਿਡਾਰੀਆਂ ਅਤੇ ਪਾਠਕਾਂ ਨਾਲ ਇਥੇ ਇਹ ਚਰਚਾ ਬੇਲੋੜੀ ਨਹੀਂ ਹੋਵੇਗੀ ਜੇ ਅਸੀਂ ਇਹਨਾਂ ਖਤਰਨਾਕ ਅਤੇ ਜਾਨ ਲੇਵਾ ਦਵਾਈਆਂ ਦੇ ਭਿਆਨਕ ਸਿੱਟਿਆਂ ਨੂੰ ਉਹਨਾਂ ਦੇ ਅੰਗ ਸੰਗ ਨਾ ਕਰੀਏ | ਕਿਸੇ ਖਿਡਾਰੀ ਦੀ ਉਤੇਜਨਾ ਵਧਾਉਣ ਵਾਲੇ ਪਦਾਰਥ ਐਮਫ਼ੀਟਾਮਾਈਨਸ, ਕੈਫ਼ੀਨ, ਐਫਡਰਾਈਨ ਅਤੇ ਮੈਸੋਕਾਰਬ ਹਨ | ਜਿਹੜੇ ਕੇਂਦਰੀ ਨਾੜੀ ਪ੍ਰਣਾਲੀ ਨੂੰ ਤੇਜ਼ ਕਰਦੇ ਹੋਏ ਦਿਮਾਗ ਅਤੇ ਪੂਰੇ ਸਰੀਰ ਦੀ ਗਤੀ ਵਧਾਉਂਦੇ ਨੇ | ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਨੂੰ ਦਿਲ ਦਾ ਦੌਰਾ ਪੈ ਸਕਦੈ ਤੇ ਉਹ ਇਹਨਾਂ ਨਸ਼ੀਲੇ ਪਦਾਰਥਾਂ ਦਾ ਆਦੀ ਬਣ ਜਾਂਦੈ | ਕਈ ਅਥਲੀਟ ਅਤੇ ਬਾਡੀ ਬਿਲਡਰ ਆਪਣੀਆ ਮਾਸਪੇਸੀਆਂ ਦੀ ਮਜ਼ਬੂਤੀ ਲਈ ਡਰੋਸਟਾਨੋਲੋਨ , ਓਕਸਾਐਨਡਰੋਲੋਨ, ਮੈਂਟਨੋਲੋਨ ਨਾਮ ਦੇ ਐਨਾਬੋਲਿਕ ਸਟੀਰਾਇਡਜ਼ ਦਾ ਇਸਤੇਮਾਲ ਕਰਦੇ ਹਨ | ਜਿਸ ਨਾਲ ਉਹਨਾਂ ਦੀਆਂ ਮਾਸਪੇਸ਼ੀਆਂ ਦਾ ਆਕਾਰ ਵੱਧ ਜਾਂਦਾ ਤੇ ਉਹ ਬਲ ਭਰਭੂਰ ਹੋ ਜਾਂਦੀਆਂ ਨੇ | ਪਰ ਇਹਨਾਂ ਪਦਾਰਥਾਂ ਦੇ ਸੇਵਨ ਨਾਲ ਖਿਡਾਰੀ ਦੇ ਗੁਰਦੇ ਫੇਲ ਹੋ ਸਕਦੇ ਨੇ ਤੇ ਜਿਗਰ ਤੇ ਮਾੜਾ ਅਸਰ ਪੈਂਦਾ ਹੈ | ਕਈ ਖਿਡਾਰੀ ਸਰੀਰ ਤੇ ਅੰਗਾਂ ਦੀ ਕਾਰਜ ਸ਼ਕਤੀ ਅਤੇ ਦਰਦ ਸਹਿਣ ਦੀ ਤਾਕਤ ਵਧਾਉਣ ਲਈ ਪੇਪਟਾਈਡ ਹਾਰਮੋਨਜ਼ ਨੂੰ ਖੇਡ ਮੁਕਾਬਲੇ ਤੋਂ ਪਹਿਲਾਂ ਆਪਣੇ ਸਰੀਰ ਵਿਚ ਦਾਖਲ ਕਰਵਾ ਲੈਂਦੇ | ਇਹ ਹਾਰਮੋਨਜ਼ ਖੂਨ ਦੇ ਲਾਲ ਰਕਤਾਣੂਆਂ ਵਿਚ ਹੁੰਦੈ | ਇਸ ਦੇ ਦੁਰਉਪਯੋਗ ਨਾਲ ਖਿਡਾਰੀ ਦਾ ਦਿਲ ਫੇਲ ਹੋ ਸਕਦੈ, ਉਸਨੂੰ ਸ਼ੁਗਰ ਅਤੇ ਹੱਡੀਆਂ ਕਮਜ਼ੋਰ ਹੋਣ ਦੀ ਬਿਮਾਰੀ ਹੋ ਜਾਂਦੀ ਹੈ | ਕਈ ਮੁੱਕੇਬਾਜ਼ ਅਤੇ ਕੁਸ਼ਤੀ ਖਿਡਾਰੀ ਆਪਣਾ ਭਾਰ ਘਟਾਉਣ ਲਈ ਮੂਤਰ ਵਰਧਕ ਦਵਾਈਆਂ ਦਾ ਇਸਤੇਮਾਲ ਕਰਦੇ ਨੇ ਜਿਸ ਦੇ ਸੇਵਨ ਨਾਲ ਸਰੀਰ ਵਿਚ ਪਾਣੀ ਦੀ ਕਮੀ ਹੋ ਜਾਂਦੀ ਹੈ ਤੇ ਖਿਡਾਰੀ ਦੀ ਮੌਤ ਵੀ ਹੋ ਸਕਦੀ ਹੈ | ਇਸ ਤੋਂ ਇਲਾਵਾ ਖਿਡਾਰੀਆਂ ਵਿਚ ਬਲੱਡ ਡੋਪਿੰਗ ਅਤੇ ਜੀਨ ਡੋਪਿੰਗ ਦਾ ਰੁਝਾਨ ਵੀ ਖਤਰਨਾਕ ਅਤੇ ਮਾਰੂ ਹੈ | ਜਿਸ ਨਾਲ ਐੱਚ ਆਈ ਵੀ ਅਤੇ ਕੈਂਸਰ ਨਾਂ ਦੇ ਮਾਰੂ ਰੋਗ ਉਤਪਨ ਹੋ ਜਾਂਦੇ ਨੇ |

ਡੋਪਿੰਗ ਦੇ ਜਾਨ ਮਾਰੂ ਪ੍ਰਭਾਵਾਂ ਅਤੇ ਡੋਪ ਟੈਸਟ ਪਾਜੀਟਿਵ ਆ ਜਾਣ ਤੇ ਖਿਡਾਰੀ ਦੇ ਮੁਕਾਬਲਾ ਖੇਡਣ ਤੇ ਲੱਗਦੀ ਪਾਬੰਦੀ ਨੂੰ ਦ੍ਰਿਸ਼ਟਿ ਗੋਚਰ ਰੱਖਦੇ ਹੋਏ ਖਿਡਾਰੀਆਂ ਨੂੰ ਆਤਮ ਚਿੰਤਨ ਕਰਨ ਦੀ ਲੋੜ ਹੈ | ਉਹਨਾਂ ਨੂੰ ਸੋਚਣਾ ਚਾਹੀਦਾ ਹੈ ਕਿ ਖੇਡਾਂ ਬੇਸ਼ਕ ਦੋ ਬਰਾਬਰ ਧੜਿਆਂ ਜਾਂ ਬੰਦਿਆਂ ਵਿਚਕਾਰ ਮੁਕਾਬਲੇ ਦਾ ਵਣਜ ਨੇ | ਪਰ ਖਿਡਾਰੀ ਨੂੰ ਆਪਣੀ ਸੱਚੀ ਖੇਡ ਭਾਵਨਾ ਵਿਚ ਗੜੁੱਚ ਹੋ ਕੇ ਜੋਸ਼ ਅਤੇ ਵਿਸ਼ਵਾਸ ਨਾਲ ਮੁਕਾਬਲਾ ਲੜਨਾ ਚਾਹੀਦੈ ਨਾ ਕੇ ਨਸੀਲੀਆਂ ਦਵਾਈਆਂ/ ਡੋਪਿੰਗ ਦਾ ਸੇਵਨ ਕਰਕੇ | ਖੇਡਾਂ ਸਿਰਫ ਤਗਮੇ ਜਿੱਤਣ ਦਾ ਹੀ ਜ਼ਰੀਆ ਨਹੀਂ ਹੁੰਦੀਆਂ | ਇਹ ਮਨੁੱਖੀ ਨਸਲ ਨੂੰ ਉੱਤਮ ਬਣਾਉਣ ਦਾ ਵਸੀਲਾ ਵੀ ਹੁੰਦੀਆਂ ਨੇ | ਖਿਡਾਰੀਓ ਆਉ ਖੇਡਾਂ ਦੇ ਇਸ ਪਵਿੱਤਰ ਪਿੜ੍ਹ ਨੂੰ ਡੋਪਿੰਗ ਦੇ ਜਾਨ ਮਾਰੂ ਅਸਰ ਤੋਂ ਬਚਾਈਏ ਤੇ ਸੱਚੀ ਖੇਡ ਭਾਵਨਾ ਨੂੰ ਧਿਆਨ ਹਿੱਤ ਰੱਖਦਿਆਂ ਖੇਡਾਂ ਨੂੰ ਡੋਪਿੰਗ ਮੁਕਤ ਕਰੀਏ | **

## ਵੋਹ ਗ਼ਰੀਬ ਨਹੀਂ ਹੋਤਾ

ਵਰਲਡ ਪੰਜਾਬੀ ਟਾਈਮਜ਼
ਦਿਲਸ਼ਾਨ

ਵੋਹ ਗ਼ਰੀਬ ਨਹੀਂ ਹੋਤਾ ਹੈ ਜਿਸ ਕੇ ਪਾਸ ਦੌਲਤ ਪਿਆਰ ਕੀ ਹੋ,
ਵੋਹ ਇਸ਼ਕ ਮੁਕੰਮਲ ਹੋ ਜਾਤਾ ਹੈ ਜਿਸ ਮੇਂ ਸੱਚੀ ਨੀਅਤ ਇਜ਼ਹਾਰ ਕੀ ਹੋ,
ਉਸ ਕਲੀ ਮੇਂ ਖੁਸ਼ਬੂ ਨਹੀਂ ਹੋਤੀ ਜੋ ਗੁਲਦਸਤੇ ਮੇਂ ਲਗੀ ਬਾਜ਼ਾਰ ਕੀ ਹੋ,
ਵੋਹ ਘੜੀ ਮੁਸ਼ਕਿਲ ਸੇ ਗੁਜ਼ਰਤੀ ਹੈ ਜੋ ਘੜੀ ਇੰਤਜ਼ਾਰ ਕੀ ਹੋ,
ਚੂੰਮ ਕਰ ਮਾਥੇ ਸੇ ਲਗਾਨੀਂ ਚਾਹੀਏ ਜੋ ਚਾਦਰ ਮਜ਼ਾਰ ਕੀ ਹੋ,
ਜਲਦੀ ਵਾਪਸ ਕਰ ਦੇਨੀਂ ਚਾਹੀਏ ਜੋ ਚੀਜ਼ ਉਧਾਰ ਕੀ ਹੋ,
ਉਸ ਕੇ ਚਰਿਤਰ ਪਰ ਕੋਈ ਦਾਗ਼ ਨਹੀਂ ਹੋਤਾ ਜੋ ਔਰਤ ਅੱਛੇ
ਕਿਰਦਾਰ ਕੀ ਹੋ,
ਬੇਵਜ੍ਹਾ ਦਖ਼ਲ ਨਹੀਂ ਦੇਨਾਂ ਚਾਹੀਏ, ਜਬ ਬਾਤ ਮੀਆਂ ਬੀਵੀ ਕੇ ਤਕਰਾਰ ਕੀ ਹੋ,
ਉਸਕੇ ਘਰ ਜਾ ਕਰ ਹੌਂਸਲਾ ਬੜਾਨਾਂ ਚਾਹੀਏ,ਜਬ ਨਾਜੁਕ ਹਾਲਤ ਬੀਮਾਰ ਕੀ ਹੋ,
ਵਹਾਂ ਪਰ ਖਾਲੀ ਹਾਥ ਨਹੀਂ ਜਾਨਾਂ ਚਾਹੀਏ, ਜਹਾਂ ਪਰ ਜ਼ਰੂਰਤ ਕਿਸੀ ਹਥਿਆਰ ਕੀ ਹੋ,
ਵਹਾਂ ਪਰ ਜੂਤਾ ਉਤਾਰ ਦੇਨਾਂ ਚਾਹੀਏ 'ਦਿਲਸ਼ਾਨ', ਜਹਾਂ ਪਰ ਚੌਖ਼ਟ ਕਿਸੀ ਦਰਬਾਰ ਕੀ ਹੋ।

## ਸੁਫ਼ਨੇ ਵਿੱਚ ਇਕ ਸੱਜਣ*//

ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਮੈਂ ਰਾਤੀਂ ਸੁਤੀ ਸੁਫ਼ਨੇ ਦੇ ਵਿਚ
ਪਿਆਰ ਹੋਇਆ।
ਮੈਂ ਸਾਰੀ ਦੁਨੀਆ ਭੁੱਲ ਗਈ।
ਜਦੋਂ ਨੀਂਦਰ ਖੁਲ੍ਹੀ ਮੈਂ ਭੁੱਲ ਗਈ ਸਾਰੀ ਪ੍ਰੇਮ ਕਹਾਣੀ।
ਸੁਫ਼ਨੇ ਵਿੱਚ ਜੋ ਸੱਜਣ ਮਿਲਿਆ ਬਹੁਤ ਸੋਹਣਾ ਸੀ।
ਲੱਖਾ ਯੂਸਫ਼ ਲੱਖਾਂ ਰਾਂਝੇ ਉਸ ਵਰਗੇ ਨਾ ਹੋਣ।
ਉਹ ਗੱਲ ਕਰੇ ਹਵਾ ਵਿਚ ਮਿਸ਼ਰੀ ਘੁੱਲ ਜਾਏ।

ਹੁਸਨ ਦਾ ਚਾਲਕ, ਪਾਲਕ, ਮਾਲਕ, ਮੁੱਖੜਾ ਉਸ ਦਾ ਪਿਆ।
ਇਉ ਜਾਪੇ ਜਿਸ ਤਰ੍ਹਾਂ ਚੰਨ ਚਾਨਣੀ ਇਸ ਕੋਲੋਂ ਉਧਾਰਾ ਲਈ ਹੈ।
ਬਿਨਾਂ ਤਰੰਦਦ ਮਿਲੀ ਗਏ ਸਾਨੂੰ ਸੋਹਣੀ ਸ਼ੈਅ ਅਨਮੁਲੀ।
ਸੁਫਨੇ ਵਿਚ ਹੀ ਦਿਲ ਦੇ ਦੁੱਖ ਸੁੱਖ ਸਾਂਝੇ ਕੀਤੇ।

ਦਿਲ ਦੀ ਧੜਕਣ ਸਾਂਝੀ ਹੋ ਗਈ ਦੁੱਖ ਸੁੱਖ ਵੀ ਹੋਏ ਸਾਂਝੇ
ਪਿਆਰ ਦੀ ਡੋਰ ਨੂੰ ਕੌਲ ਕਰਾਰ ਦੇ ਰਲ ਕੇ ਲਾਏ ਮਾਂਝੇ
ਪ੍ਰੀਤ ਚੜ੍ਹਦੀ ਪ੍ਰਵਾਨ ਤੇ ਰੱਜ਼ ਕੇਉਹ ਸੀਫੱਲੀ ਫੁੱਲੀ।

ਸੁਫਨੇ ਦੇ ਵਿਚ ਮੌਜਾਂ ਤੇ ਜਦ ਜਾਗੇ ਖਤਮ ਕਹਾਣੀ।
ਜਾਗਦਿਆਂ ਉਹ ਨੀਸਾਣੀ ਦੇ ਗਿਆ ਗੁੰਮ ਹੋ ਗਈ।
ਉੱਠ ਕੇ ਦੇਖਿਆ ਉਹ ਹੀ ਮੰਜਾਂ ਉਹ ਹੀ ਰਜਾਈ ਉਹ ਹੀ ਮੈਂ।
ਸੁਫ਼ਨੇ ਵਿੱਚ ਹੀ ਸਭ ਕੁਝ ਰਿਹਾ
ਸੁਫ਼ਨਾ ਆਇਆ ਸੀ ਪਰ ਉਹ ਇਸ ਤਰ੍ਹਾਂ ਟੁੱਟ ਕੇ ਟੁਕੜੇ ਹੋਇਆ।
ਮੈਂ ਪਾਗਲਾਂ ਵਾਂਗ ਦੇਖ ਰਹੀ ਸੀ